# ਕਲਗੀਧਰ
# ਤੇ ਅਸੀਂ

(ਜੀਵਨ ਘਟਨਾਵਾਂ ਤੇ ਪ੍ਰੇਰਣਾਵਾਂ)

ਗਿਆਨ ਖੜਗ

*Sword of Enlightenment*

ਸਹਿਜ ਪਾਠ

ਸੁਕ੍ਰਿਤ ਟਰੱਸਟ

Kalgidhar Te Asi
by
Renuka Sarabjeet Singh
(91) 98146-12004

© ਕੋਈ ਪ੍ਰਕਾਸ਼ਨ ਅਧਿਕਾਰ ਨਹੀਂ। ਕੋਈ ਵੀ ਸੰਸਥਾ, ਵੀਰ ਭੈਣ ਬਿਨਾਂ ਕਿਸੇ ਆਰਥਿਕ ਲਾਭ ਦੇ ਇਨ੍ਹਾਂ ਲੇਖਾਂ ਨੂੰ ਛਾਪ ਕੇ ਵੰਡ ਸਕਦੇ ਹਨ।

**ਪਹਿਲੀ ਵਾਰ –** ਜਨਵਰੀ, 2010

**ਭੇਟਾ :** 5/–

**ਟਾਈਪ ਸੈਟਿੰਗ :**
**ਸੁਕ੍ਰਿਤ ਗ੍ਰਾਫਿਕਸ**

**ਪ੍ਰਕਾਸ਼ਕ :**
**ਸੁਕ੍ਰਿਤ ਟਰੱਸਟ**
**3454, ਫੇਸ–2, ਦੁੱਗਰੀ, ਲੁਧਿਆਣਾ 141 013**
**Sukrit Trust** - 3454, Phase-2, Dugro, Ludhiana (Punjab, India) 141 013
(91) 98554-00300, (91) 98556-12005
sukrittrust@gmail.com, www.sukrit.org

**ਪ੍ਰਿੰਟਰ :**
**ਪ੍ਰਿੰਟਵੈੱਲ,** ਅੰਮ੍ਰਿਤਸਰ

# ਕਲਗੀਧਰ ਅਤੇ ਅਸੀਂ

(ਜੀਵਨ ਘਟਨਾਵਾਂ ਤੇ ਪ੍ਰੇਰਣਾਵਾਂ)

ਵਿਗਿਆਨ ਦੇ ਦੋ ਹਿੱਸੇ ਮੰਨੇ ਜਾਂਦੇ ਹਨ - ਮੁਢਲਾ ਜਾਂ ਬੇਸਿਕ ਵਿਗਿਆਨ (Basic Science) ਅਤੇ ਵਰਤੋਂ ਜਾਂ ਐਪਲਾਈਡ ਵਿਗਿਆਨ (Applied Science)! ਬੇਸਿਕ ਵਿਗਿਆਨ ਐਸੀਆਂ ਖੋਜਾਂ ਕਰਦਾ ਹੈ ਜੋ ਸ਼ਾਇਦ ਸਾਡੇ ਰੋਜ਼ਾਨਾ ਜੀਵਨ ਵਿਚ ਦੂਰ ਤੱਕ ਹੀ ਸੰਬੰਧਿਤ ਹੁੰਦੀਆਂ ਹਨ, ਪਰ ਐਪਲਾਈਡ ਵਿਗਿਆਨ ਐਸਾ ਵਿਗਿਆਨ ਹੈ ਜੋ ਬੇਸਿਕ ਵਿਗਿਆਨ ਦੀਆਂ ਖੋਜਾਂ ਤੋਂ ਐਸੀਆਂ ਚੀਜ਼ਾਂ ਬਣਾਉਂਦਾ ਹੈ ਜੋ ਸਾਡੇ ਜੀਵਨ ਨੂੰ ਸੁਖਾਲਾ ਬਣਾਉਂਦੀਆਂ ਹੁੰਦੀਆਂ ਹਨ।

## ਇਤਿਹਾਸ ਪੜ੍ਹਣ ਦੇ ਦੋ ਢੰਗ

ਮੇਰੀ ਜਾਚੇ ਇੰਞ ਇਤਿਹਾਸ ਦੇ ਵੀ ਦੋ ਹਿੱਸੇ ਮੰਨੇ ਜਾ ਸਕਦੇ ਹਨ - ਬੇਸਿਕ ਇਤਿਹਾਸ (Basic History) ਅਤੇ ਐਪਲਾਈਡ ਇਤਿਹਾਸ (Applied History)!

ਬੇਸਿਕ ਇਤਿਹਾਸ ਵਿਚ ਅਸੀਂ ਕੇਵਲ ਘਟਨਾਵਾਂ ਬਾਰੇ ਚਰਚਾ ਕਰਦੇ ਹਾਂ। ਉਨਾਂ ਦੇ ਪਾਤਰ, ਸਮਾਂ, ਘਟਨਾਕ੍ਰਮ ਆਦਿ ਹੀ ਮੁੱਖ ਬਿੰਦੂ ਹੁੰਦੇ ਹਨ, ਪਰ ਐਪਲਾਈਡ ਇਤਿਹਾਸ ਵਿਚ ਅਸੀਂ ਘਟਨਾਵਾਂ ਤੋਂ ਪ੍ਰੇਰਣਾਵਾਂ ਲੈਣ ਦੀ ਗੱਲ ਕਰਦੇ ਹਾਂ। ਘਟਨਾ ਦਾ ਸਮਾਂ, ਪਾਤਰ ਅਤੇ ਘਟਨਾਕ੍ਰਮ ਤੇ ਬਹਿਸ ਕਰਨ ਨਾਲੋਂ ਉਸ ਤੋਂ ਮਿਲਦੀਆਂ ਸਿੱਖਿਆਵਾਂ ਸਾਡਾ ਕੇਂਦਰ ਹੁੰਦੀਆਂ ਹਨ। ਇਹ ਸਿਖਿਆਵਾਂ ਅੱਜ ਸਾਡੇ ਜੀਵਨ ਨੂੰ ਸਦ-ਸਦਾ ਖੁਸ਼ੀਆਂ ਖੇੜੇ ਤੇ ਅਰਥ ਭਰਪੂਰ ਬਣਾ ਸਕਦੀਆਂ ਹਨ। ਉਘੇ ਵਿਗਿਆਨੀ ਆਈਨਸਟੀਨ ਨੇ ਵੀ ਕਿਹਾ ਸੀ, "ਮੈਂ ਕੀ ਤੇ ਕਿੱਥੇ ਨਾਲੋਂ 'ਕਿਉਂ' ਬਾਰੇ ਜਾਣਨਾ ਚਾਹਾਂਗਾ"। ਇੰਞ ਅਸੀਂ ਕਹਿ ਸਕਦੇ ਹਾਂ ਗੁਰੂ ਇਤਿਹਾਸ ਪੜਨ–ਸੁਣਨ ਦੇ ਦੋ ਢੰਗ ਹਨ:

1. ਘਟਨਾਵਾਂ ਦੀ ਜਾਣਕਾਰੀ ਲੈਣੀ। ਇਤਿਹਾਸਕ ਦਿਹਾੜੇ, ਸੰਨ ਆਦਿ ਪਤਾ ਕਰਨੇ। ਕਿਸ ਦਾ ਕਿਸ ਨਾਲ ਕੀ ਰਿਸ਼ਤਾ ਸੀ? ਕਿਸ–ਕਿਸ ਨੇ ਕੀ–ਕੀ ਕੀਤਾ? ਇਸਨੂੰ

ਕੇਵਲ ਜਾਣਕਾਰੀ (**information**) ਕਿਹਾ ਜਾਵੇਗਾ।

2. ਘਟਨਾਵਾਂ ਤੋਂ ਸੇਧ ਲੈਣੀ, ਪ੍ਰੇਰਣਾ ਲੈਣੀ, ਗੁਰੂ ਸਾਹਿਬ ਦੀ ਜੀਵਨ ਸਿਖਿਆ ਤੋਂ ਅੱਜ ਅਸੀਂ ਆਪਣਾ ਜੀਵਨ ਕਿਵੇਂ ਸੁਧਾਰ ਸਕਦੇ ਹਾਂ। ਗੁਰੂ ਕਾਲ ਦੀਆਂ ਘਟਨਾਵਾਂ ਤੋਂ ਸਰਬ ਕਾਲੀ ਸਰਬ ਸਮੇਂ ਲਈ ਸੱਚੇ ਸਿਧਾਂਤ ਲੱਭਣੇ ਅਤੇ ਨਾਲ ਦੀ ਨਾਲ ਗੁਰੂ ਤੇ ਭਰੋਸਾ ਹੋਰ ਦ੍ਰਿੜ ਕਰਨਾ। ਇਸਨੂੰ ਪ੍ਰੇਰਣਾਮਈ (inspirational) ਤੇ ਅਨੰਦ ਮਈ (devotional) ਢੰਗ ਕਿਹਾ ਜਾਵੇਗਾ।

### ਇਤਿਹਾਸ ਪੜ੍ਹਨ ਦੇ ੨ ਢੰਗ

| ਮੁੱਢਲਾ ਇਤਿਹਾਸ (Basic History) | ਵਰਤੋਂ ਇਤਿਹਾਸ (Applied History) |
|---|---|
| ਸੰਨ, ਮਿਤੀਆਂ, ਥਾਵਾਂ, ਰਿਸ਼ਤੇਦਾਰੀਆਂ, ਘਟਨਾਵਾਂ, ਹੀ ਯਾਦ ਕਰਨੀਆਂ | ਵਾਪਰੀਆਂ ਘਟਨਾਵਾਂ ਤੋਂ ਸੇਧ ਲੈ ਕੇ ਆਪਣੇ ਵਰਤਮਾਨ ਤੇ ਭਵਿੱਖ ਨੂੰ ਸੁਖਾਲਾ ਤੇ ਸਫਲ ਬਣਾਉਣਾ |

ਅੱਜ ਸਾਡਾ ਬਹੁਤਾ ਸਾਹਿਤ ਕੇਵਲ ਜਾਣਕਾਰੀਆਂ (information) ਹੀ ਦੇ ਰਿਹਾ ਹੈ। ਆਓ ! ਦਸਵੇਂ ਪਿਤਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜੀਵਨ ਤੋਂ ਕੁਝ ਪ੍ਰੇਰਣਾਵਾਂ ਸਾਂਝੀਆਂ ਕਰੀਏ :

## ਛੋਟੀ ਉਮਰੇ ਮੁਸੀਬਤਾਂ :

**ਘਟਨਾ :** ਬਾਲਕ ਗੋਬਿੰਦ ਰਾਏ ਦੀ ਉਮਰ ਕੇਵਲ 9 ਸਾਲ ਦੀ ਸੀ ਜਦ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹੋਈ।

**ਪ੍ਰੇਰਣਾ** : ਏਨੀ ਛੋਟੀ ਉਮਰੇ ਸਿਰ ਤੋਂ ਬਾਪ ਦਾ ਸਾਇਆ ਉਠ ਜਾਣਾ, ਪਰ



ਫਿਰ ਵੀ ਆਪਣੇ ਮਿਥੇ ਨਿਸ਼ਾਨੇ ਵੱਲ ਕਾਰਜਸ਼ੀਲ ਰਹਿਣਾ। ਪਾਤਸ਼ਾਹ ਦਾ ਜੀਵਨ ਸਾਨੂੰ ਪ੍ਰੇਰਣਾ ਕਰਦਾ ਹੈ ਕਿ ਜੇਕਰ ਸਾਡੇ ਪਰਿਵਾਰ ਵਿਚ ਐਸੀ ਗੱਲ ਬਣ ਆਵੇ ਕਿ ਵਾਹਿਗੁਰੂ ਦੇ ਹੁਕਮ ਵਿਚ ਮਾਤਾ-ਪਿਤਾ ਦਾ ਸਾਇਆ ਨਾ ਰਹੇ ਤਾਂ ਵੀ ਅਸੀਂ ਕਿਸੇ ਪਾਸੋਂ ਹਮਦਰਦੀ ਦੀ ਆਸ ਰੱਖਣ ਦੀ ਬਜਾਏ, ਆਪਣੇ ਪੈਰਾਂ ਤੇ ਖੜੇ ਹੋਈਏ। ਕੁਟੰਬ ਅਤੇ ਪਰਿਵਾਰ ਦੇ ਮੋਹ ਨਾਲੋਂ ਜੀਵਨ ਆਦਰਸ਼ ਤੇ ਸਰਬੱਤ ਦਾ ਭਲਾ ਵਧੇਰੇ ਜ਼ਰੂਰੀ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਸਾਡੇ ਲਈ ਐਸਾ ਪ੍ਰੇਰਣਾ ਸ੍ਰੋਤ ਹੈ ਕਿ ਕੋਈ ਵੀ ਸਿੱਖ ਕਦੇ ਵੀ ਨਿਰਾਸ਼ਾ ਵਿਚ ਨਹੀਂ ਆਉਣਾ ਚਾਹੀਦਾ। ਆਪ ਦਾ ਸਮੁੱਚਾ ਜੀਵਨ ਸੰਘਰਸ਼ਮਈ ਰਿਹਾ।

## ਮਨੁੱਖਤਾ ਨਾਲ ਪ੍ਰੇਮ :

**ਘਟਨਾ** : ਸਿੱਖਾਂ ਨੇ ਭਾਈ ਘਨ੍ਹਈਆ ਜੀ ਦੀ ਸ਼ਿਕਾਇਤ ਕੀਤੀ ਕਿ ਉਹ ਦੁਸ਼ਮਣਾਂ ਨੂੰ ਪਾਣੀ ਪਿਲਾਉਂਦਾ ਹੈ। ਉਸ ਨੂੰ ਤਾੜਨਾ ਕਰੋ, ਪਰ ਪਾਤਸ਼ਾਹ ਨੇ ਭਾਈ ਘਨ੍ਹਈਆ ਜੀ ਨੂੰ ਮੱਲ੍ਹਮ ਦੀ ਡੱਬੀ ਵੀ ਦਿੱਤੀ ਕਿ ਉਹ ਜ਼ਖ਼ਮੀਆਂ ਦੇ ਫੱਟਾਂ ਦਾ ਵੀ ਇਲਾਜ ਕਰਨ।

**ਪ੍ਰੇਰਣਾ :** ਗੁਰੂ ਸਾਹਿਬ ਦੇ ਜੀਵਨ ਵਿਚ ਵਾਪਰੀ ਇਹ ਘਟਨਾ ਸਾਡੇ ਲਈ ਸਪੱਸ਼ਟ ਪ੍ਰੇਰਣਾ ਹੈ ਕਿ ਸਿੱਖ ਕਦੇ ਵੀ ਕਿਸੇ ਨਾਲ ਨਫ਼ਰਤ ਜਾਂ ਵੈਰ ਨਾ ਕਰੇ। ਕਿਸੇ ਨੂੰ ਉਸ ਦੇ ਧਰਮ ਕਾਰਨ ਨੀਵਾਂ ਜਾਣਨਾ ਜਾਂ ਉਸ ਪ੍ਰਤੀ ਗੁੱਸਾ ਰੱਖਣਾ, ਉਸ ਨੂੰ ਫਿੱਕੇ ਬੋਲ ਬੋਲਣੇ... ਇਹ ਸਿੱਖੀ ਦਾ ਰਾਹ ਨਹੀਂ। ਸਿੱਖ ਤਾਂ ਹਰੇਕ ਮਨੁੱਖ ਵਿਚ ਪਰਮਾਤਮਾ ਦੀ ਜੋਤਿ ਵੇਖੇ। ਪਰ ਹੈ ਇਹ ਬਹੁਤ ਔਖਾ!

ਅੱਜ ਪੰਜਾਬ ਵਿਚ ਬਹੁਤ ਸਾਰੇ ਪ੍ਰਵਾਸੀ ਮਜ਼ਦੂਰ ਆ ਵਸੇ ਹਨ। ਸਿੱਖ ਉਨ੍ਹਾਂ ਨਾਲ ਇਸ ਕਰਕੇ ਨਫ਼ਰਤ ਨਾ ਕਰੇ ਕਿ ਉਹ ਭਈਏ ਹਨ। ਦੂਜੇ ਰਾਜ ਤੋਂ ਆਏ ਜਾਂ ਗਰੀਬ ਹਨ, ਗੰਦੇ ਕੱਪੜੇ ਪਾਉਂਦੇ ਹਨ, ਸਗੋਂ ਕਲਗੀਧਰ ਦੇ ਸਿੱਖ ਉਨ੍ਹਾਂ ਨਾਲ ਵੀ ਪ੍ਰੇਮ ਕਰਨ ਤੇ ਉਨ੍ਹਾਂ ਨੂੰ ਸਿੱਖੀ ਢੰਗ ਵਿਚ ਲਿਆਉਣ।

ਹਾਂ, ਭਈਆਂ ਰਾਹੀਂ ਪੰਜਾਬ ਵਿਚ ਵਿਗੜਦਾ ਸਭਿਆਚਾਰ ਰੋਕਣ ਲਈ ਅਸੀਂ

ਜ਼ਰੂਰ ਯਤਨਸ਼ੀਲ ਹੋਈਏ। ਤੰਬਾਕੂ-ਗੁਟਖਾ ਅਤੇ ਹੋਰ ਨਸ਼ਿਆਂ ਦੇ ਪ੍ਰਚਲਨ ਨੂੰ ਰੋਕੀਏ। ਆਪ ਕਿਰਤ ਕਰਨ ਦੀ ਆਦਤ ਪਾਈਏ, ਨਾ ਕਿ ਵਿਹਲੇ ਰਹੀਏ ਅਤੇ ਸਾਰੇ ਕੰਮਾਂ ਲਈ ਭਈਆਂ ਉਤੇ ਨਿਰਭਰ ਹੋ ਜਾਈਏ।

## ਦਿਖਾਵਾ ਨਹੀਂ – ਸੱਚ ਤੇ ਕੇਵਲ ਸੱਚ:

**ਘਟਨਾ** : ਪਾਤਸ਼ਾਹ ਦੇ ਜੀਵਨ ਵਿਚ ਵਾਪਰੀ ਸਾਖੀ ਖੋਤੇ ਉਤੇ ਸ਼ੇਰ ਦੀ ਖੱਲ੍ਹ। ਅਨੰਦਪੁਰ ਸਾਹਿਬ ਦੇ ਜੰਗਲਾਂ ਵਿਚ ਇਕ ਸ਼ੇਰ ਨੂੰ ਵਿਚਰਦੇ ਵੇਖ ਕੇ ਲੋਕ ਡਰ ਗਏ, ਪਰ ਜਦੋਂ ਪਤਾ ਲੱਗਾ ਕਿ ਇਹ ਤਾਂ ਅਸਲ ਵਿਚ ਖੋਤਾ ਸੀ, ਜਿਸ ਦੇ ਉਪਰ ਕਿਸੇ ਨੇ ਸ਼ੇਰ ਦੀ ਖੱਲ੍ਹ ਪਾ ਦਿੱਤੀ ਸੀ, ਤਾਂ ਲੋਕਾਂ ਵਿਚ ਬਹੁਤ ਹਾਸਾ ਪਿਆ। ਪਾਤਸ਼ਾਹ ਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਖੇਡ ਸਿੱਖਾਂ ਨੂੰ ਇਹ ਦ੍ਰਿੜ੍ਹ ਕਰਵਾਉਣ ਲਈ ਰਚੀ ਗਈ ਕਿ ਉਹ ਕੇਵਲ ਆਪਣੀ ਸ਼ਕਲ ਕਰਕੇ ਹੀ ਨਾ ਸਿੱਖ ਹੋਣ, ਸਗੋਂ ਉਨ੍ਹਾਂ ਵਿਚ ਸਿੱਖੀ ਗੁਣ ਵੀ ਹੋਣ।

**ਪ੍ਰੇਰਣਾ** : ਇਹ ਸਾਖੀ ਸਾਨੂੰ ਪ੍ਰੇਰਣਾ ਕਰਦੀ ਹੈ ਕਿ ਅੱਜ ਵੀ ਅਸੀਂ ਬਹੁਤੇ ਸਿੱਖ ਕੇਵਲ ਸਿੱਖੀ ਦਾ ਪਹਿਰਾਵਾ ਹੀ ਪਾਈ ਬੈਠੇ ਹਾਂ। ਸਾਡੇ ਅੰਦਰ ਸਿੱਖੀ ਦੇ ਗੁਣ ਨਹੀਂ ਹਨ। ਸਿੱਖ ਕੇਵਲ ਆਪਣੇ ਸਰੂਪ ਕਰਕੇ ਹੀ ਨਿਆਰਾ ਨਹੀਂ ਹੈ, ਸਗੋਂ ਉਸ ਦਾ ਬੋਲ ਚਾਲ; ਖਾਣ-ਪੀਣ; ਜੀਵਨ ਸੋਚ; ਆਚਾਰ ਵਿਹਾਰ ਸਭ ਕੁਝ ਹੀ ਸੰਸਾਰ ਤੋਂ ਨਿਆਰਾ ਹੈ।


ਆਮ ਮਨੁੱਖ ਬੱਸ/ਰੇਲ ਵਿਚ ਸਫ਼ਰ ਕਰਦਿਆਂ ਆਪਣੀ ਸਹੂਲਤ ਵੇਖਦਾ ਹੈ, ਪਰ ਸਿੱਖ ਦੂਜੇ ਯਾਤਰੂਆਂ ਨੂੰ ਨਾਲ ਬਿਠਾਉਣ ਜਾਂ ਦੁਖੀ-ਕਮਜ਼ੋਰ-ਲੋੜਵੰਦ ਨੂੰ ਆਪਣੀ ਸੀਟ ਦੇ ਦਿੰਦਾ ਹੈ।

ਆਮ ਮਨੁੱਖ ਕ੍ਰੋਧ ਕਰਦਾ ਹੈ ਅਤੇ ਕ੍ਰੋਧ ਵੱਸ ਫਿਕੇ ਬੋਲ ਬੋਲਦਾ ਹੈ। ਕਲਗੀਧਰ ਦਾ ਸਿੱਖ ਆਪਣੇ ਗੁੱਸੇ ਤੇ ਕਾਬੂ ਕਰਦਾ ਹੈ ਅਤੇ ਫਿਕਾ ਬੋਲਣ ਤੋਂ ਸੰਕੋਚ ਕਰਦਾ ਹੈ। ਉਹ ਮਿਠ-ਬੋਲੜਾ ਹੈ।

ਆਮ ਮਨੁੱਖ ਕਿਸੇ ਦੇ ਨਾਲ ਵਧੀਕੀ ਹੁੰਦੇ ਵੇਖਕੇ ਪਾਸਾ ਵੱਟ ਲੈਂਦਾ ਹੈ ਅਤੇ



ਸੋਚਦਾ ਹੈ ''ਮੈਨੂੰ ਕੀ'', ਪਰ ਕਲਗੀਧਰ ਦਾ ਸਿੱਖ ਮਜ਼ਲੂਮ ਦੀ ਰੱਖਿਆ ਕਰਦਾ ਹੈ। ਸਮਾਜ ਵਿਚ ਵਿਚਰਦਿਆਂ ਕਿਸੇ ਤੇ ਵੀ ਹੁੰਦੀ ਵਧੀਕੀ ਨੂੰ ਵੇਖਕੇ ਉਹ ਅੱਖਾਂ ਨਹੀਂ ਮੀਟਦਾ ਸਗੋਂ ਆਪ ਭੱਜਕੇ ਉਸ ਦੀ ਮਦਦ ਕਰਦਾ ਹੈ। ''ਜੋ ਬੋਲੇ ਸੋ ਨਿਹਾਲ'' ਸਿੱਖ ਦਾ ਆਦਰਸ਼ ਹੈ। ਜਦੋਂ ਵੀ ਕੋਈ ਮਦਦ ਲਈ ਬੁਲਾਉਂਦਾ ਹੈ ਤਾਂ ਸਿੱਖ ਬੋਲਦਾ ਹੈ। ਇਸੇ ਲਈ ਪਾਤਸ਼ਾਹ ਉਸ ਨੂੰ ਸਦਾ ਨਿਹਾਲ ਕਰਦੇ ਹਨ। ਸਿੱਖ ਲੋੜਵੰਦ ਨੂੰ ਖ਼ੂਨ ਦਾਨ ਕਰਦਾ ਹੈ, ਨੇਤਰ ਦਾਨ ਕਰਦਾ ਹੈ, ਅੰਗ ਦਾਨ ਕਰਦਾ ਹੈ, ਧਨ ਵੀ ਦਾਨ ਕਰਦਾ ਹੈ ਇੱਥੋਂ ਤੱਕ ਕਿ ਜੀਵਨ ਵੀ...।




ਆਮ ਮਨੁੱਖ ਡਰਦਾ ਵੀ ਹੈ ਤੇ ਡਰਾਉਂਦਾ ਵੀ ਹੈ, ਪਰ ਕਲਗੀਧਰ ਦਾ ਸਿੱਖ ਨਾ ਕਿਸੇ ਤੋਂ ਡਰਦਾ ਹੈ ਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ।

ਇੰਝ ਅੱਜ ਅਸੀਂ ਵੀ ਅਸਲ ਸ਼ੇਰ ਬਣੀਏ। ਨਾ ਕਿ ਕੇਵਲ ਸਰੂਪ ਸਿੱਖਾਂ ਵਾਲਾ ਹੋਵੇ ਤੇ ਆਚਾਰ ਢਿੱਲਾ ਹੋਵੇ।

## ਵਿਦਿਅਕ ਸਰਵ ਸਰੇਸ਼ਠਤਾ Academic Excellence

**ਘਟਨਾ** : ਦਸਮੇਸ਼ ਪਿਤਾ ਨੇ ਸਿੱਖਾਂ ਨੂੰ ਗਿਆਨਵਾਨ, ਸੂਝਵਾਨ ਬਣਾਉਣ ਲਈ

ਉਨ੍ਹਾਂ ਨੂੰ ਹਰ ਤਰ੍ਹਾਂ ਦੀ ਵਿਦਿਆ ਹਾਸਲ ਕਰਨ ਦੀ ਪ੍ਰੇਰਣਾ ਦਿੱਤੀ। ਇਥੋਂ ਤੱਕ ਕਿ ਉਨ੍ਹਾਂ ਨੇ ਪੰਜ ਸਿੱਖਾਂ ਨੂੰ ਪੰਡਤ ਰਘੂਨਾਥ ਦਾਸ ਕੋਲ ਸੰਸਕ੍ਰਿਤ ਪੜ੍ਹਣ ਲਈ ਕਾਸ਼ੀ ਭੇਜਿਆ। ਜਦ ਪੰਡਤ ਨੇ ਸਿੱਖਾਂ ਨੂੰ ਇਸ ਕਰਕੇ ਵਿਦਿਆ ਪੜ੍ਹਾਉਣ ਤੋਂ ਨਾਂਹ ਕਰ ਦਿੱਤੀ ਕਿ ਉਹ ਸਿੱਖ, ਬ੍ਰਾਹਮਣ ਜਾਤ ਦੇ ਨਹੀਂ ਤਾਂ ਸਤਿਗੁਰਾਂ ਨੇ ਜਾਤ ਅਭਿਮਾਨੀਆਂ ਦੇ ਗਿਆਨ ਵਾਲੇ ਹਥਿਆਰ ਨੂੰ ਖੁੰਡਾ ਕਰਨ ਦਾ ਨਿਸ਼ਚਾ ਕਰ ਲਿਆ। ਉਨ੍ਹਾਂ ਪੰਜ ਸਿੱਖਾਂ ਨੂੰ ਗੇਰੂਏਂ ਵਸਤਰ ਪਹਿਨਾ ਕੇ ਬਨਾਰਸ ਭੇਜ ਦਿੱਤਾ। ਬਨਾਰਸ ਰਹਿ ਕੇ ਉਹ ਕਈ ਸਾਲ ਸੰਸਕ੍ਰਿਤ ਪੜ੍ਹਦੇ ਰਹੇ ਅਤੇ ਨਿਰਮਲੇ ਸੰਤ ਅਖਵਾਏ । ਜਿਥੇ ਉਨ੍ਹਾਂ ਸਿੱਖਾਂ ਨੇ ਵਿਦਿਆ ਪੜ੍ਹੀ ਸੀ, ਉਥੇ ਹੁਣ 'ਚੇਤਨਮਨ' ਗੁਰੂ ਕੀ ਸੰਗਤ ਹੈ। ਅੰਮ੍ਰਿਤ ਛਕਣ ਤੋਂ ਪਿਛੋਂ ਉਨ੍ਹਾਂ ਪੰਜਾਂ ਸਿੱਖਾਂ ਦੇ ਨਾਮ ਸਿੱਖ-ਇਤਿਹਾਸ ਨੇ ਇਹ ਦੱਸੇ ਹਨ- ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ ਅਤੇ ਸੋਭਾ ਸਿੰਘ।

**ਪ੍ਰੇਰਣਾ** : ਪਾਤਸ਼ਾਹ ਦੇ ਜੀਵਨ ਦੀ ਇਹ ਖੇਡ ਅੱਜ ਸਾਡੇ ਸਭਨਾਂ ਲਈ ਇਕ ਚੈਲੰਜ ਹੈ ਕਿ ਹਰੇਕ ਸਿੱਖ ਵੱਧ ਤੋਂ ਵੱਧ ਗਿਆਨ ਹਾਸਲ ਕਰੇ। **ਵੱਧ ਤੋਂ ਵੱਧ ਭਾਸ਼ਾਵਾਂ ਸਿੱਖੇ।** ਗਿਆਨ ਦੀ ਖੜਗ ਦਾ ਉਹ ਧਾਰਨੀ ਹੋਵੇ ਅਤੇ ਵਹਿਮਾਂ ਭਰਮਾਂ ਦੇ ਸਭ ਟਾਟ ਉਡਾ ਛੱਡੇ। ਦੁਨੀਆਂ ਦੇ ਹਰੇਕ ਖੇਤਰ, ਘਟਨਾ ਕ੍ਰਮ ਦੀ ਤਹਿ ਤੱਕ ਸਿੱਖ ਦੀ ਪਹੁੰਚ ਹੋਵੇ, ਇਹ ਵੀ ਸਿੱਖ ਦਾ ਧਰਮ ਹੈ ਅਤੇ ਪਾਤਸ਼ਾਹ ਦਾ ਹੁਕਮ ਹੈ ਕਿ ਸਿੱਖ ਗਿਆਨ ਪੱਖੋਂ ਕਿਸੇ ਤੋਂ ਪਿਛੇ ਨਾ ਰਹੇ। ਸਿੱਖ ਜਿਸ ਵੀ ਖੇਤਰ ਵਿਚ ਬੈਠਾ ਹੈ, ਉਹ ਉਸ ਖੇਤਰ ਦਾ ਸਰਦਾਰ ਬਣੇ, ਮੋਹਰੀ ਬਣੇ।




ਪੰਥ ਰਤਨ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ, ਖੰਨੇ ਵਾਲਿਆਂ ਵਲੋਂ ਸਥਾਪਿਤ 'ਸੁਕ੍ਰਿਤ ਟਰੱਸਟ' ਵਲੋਂ ਇਕ ਅਸਰ ਦਾਇਕ ਲਹਿਰ ਆਰੰਭੀ ਗਈ ਹੈ – **Spiritual, Academic and Professional Excellence** ਭਾਵ ਅਧਿਆਤਮਕ, ਵਿਦਿਅਕ ਅਤੇ ਕੰਮਕਾਜੀ ਸਰਵ ਸਰੇਸ਼ਠਤਾ। ਉਘੇ ਚਿੰਤਕ ਡਾ. ਜਸਵੰਤ ਸਿੰਘ ਨੇਕੀ ਕਿਹਾ ਕਰਦੇ ਹਨ ਕਿ **ਸਿਖ ਏਨੀ ਮਿਹਨਤ ਕਰੇ ਕਿ ਉਹ ਵਿਤਕਰੇ ਦੇ ਬਾਵਜੂਦ ਵੀ ਅੱਗੇ ਵਧੇ।**



## ਹੋਲੀ ਤੋਂ ਹੋਲਾ :

**ਘਟਨਾ** : ਕਲਗੀਧਰ ਪਾਤਸ਼ਾਹ ਦੇ ਜੀਵਨ ਦੇ ਕੌਤਕ-ਕੁਰਬਾਨੀਆਂ ਤਾਂ ਇਕ ਕਰਾਮਾਤ ਹੀ ਭਾਸਦੇ ਹਨ। ਉਨ੍ਹਾਂ ਸਮਾਜ ਨੂੰ ਹਰੇਕ ਚਿੱਕੜ ਅਤੇ ਗੰਦ ਤੋਂ ਕੱਢਣ ਦਾ ਭਰਪੂਰ ਜਤਨ ਕੀਤਾ। ਅੱਜ ਵਾਂਗ ਉਸ ਵੇਲੇ ਵੀ ਹੋਲੀ ਦਾ ਤਿਉਹਾਰ, ਰੰਗ ਰਲੀਆਂ ਅਤੇ ਵਿਸ਼ੇ ਵਿਕਾਰਾਂ ਦੇ ਗੰਭੀਰ ਗੰਦ ਵਿਚ ਡੁੱਬ ਚੁੱਕਾ ਸੀ। ਪਾਤਸ਼ਾਹ ਨੇ ਆਪਣੇ ਸਿੱਖਾਂ ਨੂੰ ਹੋਲੀ ਦੀਆਂ ਰੰਗ ਰਲੀਆਂ ਤੋਂ ਹਟਾ ਕੇ ਹੋਲੇ ਦਾ ਸੰਕਲਪ ਦਿੱਤਾ, ਜਿਸ ਵਿਚ ਬੀਰ ਰਸੀ ਕਰਤਵ, ਸ਼ਸਤਰ ਵਿਦਿਆ ਦੇ ਅਭਿਆਸ ਅਤੇ ਮਰਦਾਵੀਆਂ ਖੇਡਾਂ ਸ਼ਾਮਿਲ ਕੀਤੀਆਂ ਗਈਆਂ। ਇੰਞ ਸਿੱਖ ਸਹਿਜ ਸੁਭਾਏ ਇਹਨਾਂ ਗੁਣਾਂ ਦੇ ਧਨੀ ਬਣਨ ਲੱਗੇ।

**ਪ੍ਰੇਰਣਾ :** ਹੋਲੀ ਨੂੰ ਹੋਲਾ ਬਣਾਉਣ ਦੀ ਦੇਣ ਸਾਡੇ ਲਈ ਪ੍ਰੇਰਣਾ ਸ੍ਰੋਤ ਹੈ ਕਿ ਅੱਜ ਅਸੀਂ ਵੀ ਆਪਣੇ ਜੀਵਨ ਵਿਚ ਆਈਆਂ ਕੁਰੀਤੀਆਂ ਕੱਢਣ ਲਈ ਸੁਚੇਤ ਹੋਈਏ, ਪਰ ਅੱਜ ਸਿੱਖ ਅਖਵਾਣ ਵਾਲੇ ਵੀਰ ਵੀ ਹੋਲੀ ਦੇ ਰੰਗਾਂ ਵਿਚ ਡੁਬਦੇ ਜਾ ਰਹੇ ਹਨ। ਸਾਨੂੰ ਹੋਲੀ ਵਾਲੇ ਦਿਨ ਹੋਲੀ ਨਹੀਂ, ਸਗੋਂ ਹੋਲਾ ਮਨਾਉਣਾ ਚਾਹੀਦਾ ਹੈ। ਭਾਵ ਉਸ ਦਿਨ ਇਲਾਕੇ ਦੇ ਬੱਚੇ, ਨੌਜਵਾਨ, ਬਜ਼ੁਰਗ, ਬੀਬੀਆਂ ਸਭ ਖੇਡਾਂ ਖੇਡਣ। ਮਰਦਾਵੀਆਂ ਖੇਡਾਂ, ਬੀਰ ਰਸੀ ਕਰਤੱਬ ਅਤੇ ਗਤਕੇ ਦੇ ਅਖਾੜੇ ਲਗਾਉਣ। ਇੰਞ ਹੋਲੇ ਦੀ ਤਿਆਰੀ ਲਈ ਜਿਥੇ ਕਿਤੇ ਕਲਗੀਧਰ ਦੇ ਸਿੱਖ ਵਸਦੇ ਹਨ, ਉਹ ਮਹੀਨਾ ਦੋ ਮਹੀਨਾ ਪਹਿਲਾਂ ਇਨ੍ਹਾਂ ਖੇਡਾਂ ਦਾ ਅਭਿਆਸ ਕਰਨ।

ਏਨਾ ਹੀ ਨਹੀਂ ਕਸਰਤਾਂ ਅਤੇ ਖੇਡਾਂ ਸਿੱਖ ਦੇ ਜੀਵਨ ਦਾ ਅਨਖਿੜਵਾਂ ਅੰਗ ਬਣਨ। ਇਹ ਕਲਗੀਧਰ ਦੀ ਸਿੱਖਿਆ ਤੇ ਚੱਲਣ ਦਾ ਇਕ ਨਿਵੇਕਲਾ ਅਤੇ ਜ਼ਰੂਰੀ ਅੰਗ ਹੋਵੇਗਾ। **ਸਿੱਖ ਕਦੇ ਵੀ ਢਿੱਲਾ ਅਤੇ ਸਰੀਰਕ ਪੱਖੋਂ ਬਿਮਾਰ ਨਾ ਹੋਵੇ, ਸਗੋਂ ਉਹ ਚੜ੍ਹਦੀਆਂ ਕਲਾਂ ਅਤੇ ਸਰੀਰਕ ਤੰਦਰੁਸਤੀ ਦਾ ਮਾਲਕ ਹੋਵੇ।**

## ਲੀਡਰਸ਼ਿਪ ਗੁਣ :

**ਘਟਨਾ** : ਛੇਵੇਂ ਪਾਤਸ਼ਾਹ ਵੇਲੇ ਇਤਿਹਾਸਕ ਜੰਗਾਂ ਦਾ ਵੇਰਵਾ ਇਉਂ ਮਿਲਦਾ ਹੈ

ਕਿ ਹਰੇਕ ਜੰਗ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਅੱਗੇ ਹੋ ਕੇ ਅਗਵਾਈ ਦਿੰਦੇ ਸਨ, ਪਰ ਦਸਵੇਂ ਪਾਤਸ਼ਾਹ ਵੇਲੇ ਸਿੱਖ ਕੌਮ ਦੀ ਤਿਆਰੀ ਏਨੀ ਹੋ ਚੁੱਕੀ ਸੀ ਕਿ ਪਾਤਸ਼ਾਹ ਨੇ ਸਿੱਖਾਂ ਨੂੰ ਜੰਗ ਦੀ ਅਗਵਾਈ ਸੌਂਪੀ ਅਤੇ ਆਪ ਪਿਛੇ ਰਹਿ ਕੇ ਉਨ੍ਹਾਂ ਨੂੰ ਵਾਚਦੇ ਰਹੇ। ਕਲਗੀਧਰ ਪਿਤਾ ਨੇ ਆਪਣੇ ਆਪ ਨੂੰ ਆਪਣੇ ਸਿੱਖਾਂ ਦਾ ਸੇਵਕ ਮੰਨਿਆਂ ਅਤੇ ਆਪਣੇ ਹਰ ਗੁਣ ਨੂੰ ਆਪਣੇ ਸਿੱਖਾਂ ਵਲੋਂ ਮਿਲੀ ਬਖਸ਼ਿਸ਼ ਕਿਹਾ। ਇਥੋਂ ਤੱਕ ਆਪ ਫੁਰਮਾਉਂਦੇ ਹਨ ਕਿ **'ਇਨਹੀ ਕੀ ਕਿਰਪਾ ਕੇ ਸਜੇ ਹਮ ਹੈ'**। ਦਸਵੇਂ ਪਾਤਸ਼ਾਹ ਬਾਰੇ (ਦੂਜੇ) ਭਾਈ ਗੁਰਦਾਸ ਜੀ ਲਿਖਦੇ ਹਨ : **"ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ"**।

**ਪ੍ਰੇਰਣਾ** : ਕਲਗੀਧਰ ਪਾਤਸ਼ਾਹ ਦੇ ਸਿੱਖਾਂ ਕੋਲ ਲੀਡਰਸ਼ਿਪ ਦੇ ਐਸੇ ਗੁਣ ਹੋਣੇ ਚਾਹੀਦੇ ਹਨ ਕਿ ਉਹ ਨਾ ਕੇਵਲ ਸਿੱਖ ਕੌਮ ਦੀ ਅਗਵਾਈ ਕਰਨ ਸਗੋਂ ਸਮੁੱਚੇ ਸੰਸਾਰ ਦੀ ਅਗਵਾਈ ਕਰਨ ਦੇ ਸਮਰੱਥ ਹੋਣ। ਦਸਵੇਂ ਪਾਤਸ਼ਾਹ ਨੇ ਆਪਣੇ ਸਿੱਖਾਂ ਨੂੰ ਆਪਣਾ ਗੁਰੂ ਕੇਵਲ ਕਿਹਾ ਹੀ ਨਹੀਂ, ਸਗੋਂ ਹਕੀਕਤ ਵਿਚ ਮੰਨਿਆ ਵੀ ਹੈ। ਜਦ ਗੁਰੂ ਗੋਬਿੰਦ ਸਿੰਘ ਜੀ ਨੇ ਦਾਦੂ ਦੀ ਕਬਰ ਨੂੰ ਤੀਰ ਨਾਲ ਨਮਸਕਾਰ ਕੀਤਾ ਤਾਂ ਸਿੱਖਾਂ ਨੇ ਸਵਾਲ ਕੀਤਾ ਕਿ ਤੁਸਾਂ ਪੀਰ ਦੀ ਕਬਰ ਨੂੰ ਸਿਜਦਾ ਕਿਉਂ ਕੀਤਾ ?

ਪਾਤਸ਼ਾਹ ਨੇ ਕਿਹਾ ਕਿ ਮੈਂ ਤੁਹਾਡੀ ਪ੍ਰੀਖਿਆ ਲੈ ਰਿਹਾ ਸੀ। ਸਿੱਖਾਂ ਨੇ ਕਿਹਾ ਕਿ ਪ੍ਰੀਖਿਆ ਵਿਚ ਤਾਂ ਅਸੀਂ ਪਾਸ ਹੋ ਗਏ, ਪਰ ਕੀਤੀ ਤਾਂ ਤੁਸਾਂ ਗਲਤੀ ਹੈ। ਇਤਿਹਾਸ ਲਿਖਦਾ ਹੈ ਕਿ ਸਿੱਖਾਂ ਨੇ ਦਸਵੇਂ ਪਾਤਸ਼ਾਹ ਤੋਂ ਇਸ ਗਲਤੀ ਲਈ ਪੁੱਛ-ਗਿੱਛ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਸਿੱਖਾਂ ਨੂੰ ਆਪਣਾ ਗੁਰੂ ਜਾਣਦਿਆਂ ਹਰ ਤਨਖਾਹ ਨੂੰ ਪ੍ਰਵਾਨ ਕੀਤਾ।

ਕੀ ਅੱਜ ਸਾਡੇ ਸਿੱਖਾਂ ਵਿਚ ਲੀਡਰਸ਼ਿਪ ਦੇ ਐਸੇ ਗੁਣ ਹਨ? ਸ਼ਾਇਦ ਅਸੀਂ ਇਸ ਤੋਂ ਕੋਹਾਂ ਦੂਰ ਹਾਂ। ਸਾਡੇ ਆਗੂਆਂ ਵਿਚ ਆਪਣੇ ਸਿੱਖਾਂ ਦੀ ਕਦਰ ਗਵਾਚਦੀ ਜਾ ਰਹੀ ਹੈ। ਜੇ ਅੱਜ ਦੇ ਸਿੱਖ ਆਗੂ ਕਲਗੀਧਰ ਪਾਤਸ਼ਾਹ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਨਿਮਰਤਾ, ਮਿਠਾਸ ਅਤੇ ਤਿਆਗ ਵਰਗੇ ਗੁਣਾਂ ਦੇ ਧਾਰਨੀ ਬਣ ਜਾਣ ਅਤੇ ਆਪਣੀਆਂ ਪ੍ਰਾਪਤੀਆਂ ਲਈ ਆਪਣੇ ਸਾਥੀਆਂ ਨੂੰ ਸਿਹਰਾ ਦੇਣ ਤਾਂ ਕੋਈ ਕਾਰਨ



ਨਹੀਂ ਕਿ ਸਿੱਖ ਕੌਮ ਕਿਸੇ ਵੀ ਪੱਖੋਂ, ਕਿਸੇ ਵੀ ਪਿੜ ਵਿਚ ਪਿੱਛੇ ਰਹੇ।

## ਹੱਥੀ ਕੰਮ ਕਰੀਏ-ਸੁਕ੍ਰਿਤ ਕਰੀਏ

**ਘਟਨਾ** : ਕਲਗੀਧਰ ਜੀ ਨੇ ਅਨੰਦਪੁਰ ਸਾਹਿਬ ਵਿਖੇ ਦੀਵਾਨ ਵਿਚ ਬੈਠਿਆਂ ਇਕ ਵਾਰੀ ਕਿਹਾ ਕਿ ਕੋਈ ਸਿੱਖ ਪੀਣ ਲਈ ਪਾਣੀ ਦਾ ਗਿਲਾਸ ਲਿਆਵੇ। ਇਕ ਨੌਜਵਾਨ ਤੁਰੰਤ ਪਾਣੀ ਦਾ ਗਿਲਾਸ ਲੈ ਕੇ ਹਾਜ਼ਰ ਹੋਇਆ। ਕਲਗੀਧਰ ਪਾਤਸ਼ਾਹ ਨੇ ਉਸਦੇ ਨਰਮ ਹੱਥਾਂ ਨੂੰ ਵੇਖ ਕੇ ਪੁੱਛਿਆ ਕਿ ਇਹ ਇਨੇ ਕੂਲ੍ਹੇ ਕਿਉਂ ਹਨ? ਸਿੱਖ ਨੇ ਜੁਆਬ ਦਿੱਤਾ ਕਿ ਮੈਂ ਸੌਖੇ ਘਰ ਦਾ ਜੰਮਪਲ ਹਾਂ ਅਤੇ ਇਨ੍ਹਾਂ ਹੱਥਾਂ ਨਾਲ ਕਦੇ ਕੋਈ ਕੰਮ ਨਹੀਂ ਕਰਦਾ। ਅੱਜ ਪਹਿਲੀ ਵਾਰੀ ਆਪ ਲਈ ਪਾਣੀ ਦਾ ਗਿਲਾਸ ਲਿਆਇਆ ਹਾਂ। ਸਤਿਗੁਰੂ ਜੀ ਨੇ ਉਸ ਦੇ ਹੱਥੋਂ ਪਾਣੀ ਦਾ ਗਿਲਾਸ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਜਿਹੜੇ ਹੱਥ ਕਿਰਤ ਨਹੀਂ ਕਰਦੇ ਅਤੇ ਖਲਕਤ ਦੀ ਸੇਵਾ ਨਹੀਂ ਕਰਦੇ, ਉਹ ਪਵਿੱਤਰ ਨਹੀਂ ਹਨ। ਸਗੋਂ ਦੁਨੀਆਂ ਤੇ ਭਾਰ ਹੁੰਦੇ ਹਨ। ਕਿਸੇ ਕਵੀ ਨੇ ਇਸ ਘਟਨਾ ਨੂੰ ਲਿਖਿਆ ਹੈ :

ਜਿਹੜੇ ਹੱਥ ਨਾ ਕਰਦੇ ਕਾਰ, ਦੁਨੀਆਂ ਉਤੇ ਹੁੰਦੇ ਭਾਰ ।

**ਪ੍ਰੇਰਣਾ** : ਕਲਗੀਧਰ ਪਾਤਸ਼ਾਹ ਦੇ ਜੀਵਨ ਵਿਚਲੀ ਇਹ ਸਾਖੀ ਅਸੀਂ ਅਨੇਕਾਂ ਵਾਰੀ ਪੜ੍ਹੀ-ਸੁਣੀ ਹੈ, ਪਰ ਜੇਕਰ ਫਿਰ ਵੀ ਅਸੀਂ ਕਿਰਤ ਨਹੀਂ ਕਰਦੇ ਤਾਂ ਪਾਤਸ਼ਾਹ ਦੀ ਖੁਸ਼ੀ ਨਹੀਂ ਹਾਸਲ ਕਰ ਸਕਦੇ। ਅੱਜ ਪੰਜਾਬ ਦੇ ਲੋਕਾਂ ਵਿਚੋਂ ਕਿਰਤ - ਸਭਿਆਚਾਰ ਅਲੋਪ ਹੁੰਦਾ ਜਾ ਰਿਹਾ ਹੈ। ਸਾਰਾ ਦਿਨ ਵਿਹਲੜ ਬਣ ਇਥੇ-ਉਥੇ ਬੈਠ ਕੇ ਸਮਾਂ ਬਤੀਤ ਕਰਨਾ ਅਤੇ ਘਰ ਦੇ ਕੰਮ ਜਾਂ ਖੇਤੀ ਦੇ ਕੰਮ ਬਾਹਰੋਂ ਆਏ ਨੌਕਰਾਂ ਤੋਂ ਕਰਵਾਉਣਾ ਆਮ ਪ੍ਰਚਲਿਤ ਹੋ ਚੁੱਕਾ ਹੈ। ਆਪ ਕੰਮ ਨਾ ਕਰਨਾ ਸ਼ਾਨ ਸਮਝਿਆ ਜਾਣ ਲੱਗ ਗਿਆ ਹੈ। ਇੰਝ ਪੰਜਾਬ ਵਿਚ ਵਿਸ਼ੇਸ਼ ਕਰਕੇ ਸਰੀਰਕ ਤੇ ਮਾਨਸਿਕ ਰੋਗੀਆਂ ਦੀ ਗਿਣਤੀ ਵੱਧ ਰਹੀ ਹੈ, ਨਾਲ ਹੀ ਵਿਹਲੜ ਬੰਦੇ ਨਸ਼ਿਆਂ ਦੇ ਸ਼ਿਕਾਰ ਹੋ ਰਹੇ ਹਨ।

ਇਥੋਂ ਤੱਕ ਕਿ ਗੁਰਪੁਰਬਾਂ ਜਾਂ ਹੋਰ ਸਮਾਗਮਾਂ ਸਮੇਂ ਅਸੀਂ ਲੰਗਰ ਦੀ ਸੇਵਾ ਵੀ ਆਪ ਨਹੀਂ ਕਰਦੇ ਅਤੇ ਸਬਜ਼ੀਆਂ ਬਣਾਉਣ ਲਈ ਹਲਵਾਈ ਅਤੇ ਪ੍ਰਸ਼ਾਦਿਆਂ ਲਈ

ਠੇਕੇ ਤੇ ਕੰਮ ਕਰਨ ਵਾਲੀਆਂ ਬੀਬੀਆਂ ਬੁਲਾਈਆਂ ਜਾਂਦੀਆਂ ਹਨ। ਕਲਗੀਧਰ ਪਾਤਸ਼ਾਹ ਦਾ ਜੀਵਨ ਸਾਨੂੰ ਉਦਮੀ ਬਣਨ ਲਈ ਪ੍ਰੇਰਨਾ ਕਰਦਾ ਹੈ। ਆਓ! **ਅਸੀਂ ਸਾਰੇ ਪ੍ਰਣ ਕਰੀਏ ਕਿ ਵੱਧ ਤੋਂ ਵੱਧ ਹੱਥੀਂ ਕੰਮ ਆਪ ਕਰਾਂਗੇ ਅਤੇ ਨੌਕਰਾਂ ਤੇ ਨਿਰਭਰ ਨਹੀ ਹੋਵਾਂਗੇ।**

## ਗਰੀਬ ਦਾ ਮੂੰਹ –ਗੁਰੂ ਦੀ ਗੋਲਕ

**ਘਟਨਾ** : ਕਲਗੀਧਰ ਪਾਤਸ਼ਾਹ ਦੇ ਜੀਵਨ ਤੇ ਝਾਤ ਪਾਉਂਦਿਆਂ ਭਾਈ ਫੇਰੂ ਜੀ ਦੀ ਸਾਖੀ ਬੜੀ ਪ੍ਰਸਿੱਧ ਹੈ। ਜਦ ਪਾਤਸ਼ਾਹ ਨੇ ਵਿਗੜ ਚੁੱਕੇ ਮਸੰਦਾਂ ਨੂੰ ਸੋਧਣ ਲਈ ਹੁਕਮ ਕੀਤਾ ਅਤੇ ਕਿਹਾ ਸਭ ਮਸੰਦਾਂ ਨੂੰ ਦਾੜ੍ਹੀਆਂ ਤੋਂ ਫੜ ਕੇ ਹਾਜ਼ਰ ਕਰੋ ਤਾਂ ਭਾਈ ਫੇਰੂ ਜੀ, ਜੋ ਕਿ ਆਪ ਇਕ ਸੱਚੇ ਸੁੱਚੇ ਮਸੰਦ ਸਨ, ਉਨ੍ਹਾਂ ਨੂੰ ਦਾੜੀ ਤੋਂ ਫੜ ਕੇ ਕਲਗੀਧਰ ਦੇ ਦਰਬਾਰ ਵਿਚ ਲਿਜਾਣ ਲਈ ਕੋਈ ਨਾ ਆਇਆ । ਉਹ ਆਪ ਆਪਣੀ ਦਾੜ੍ਹੀ ਫੜ ਦਰਬਾਰ ਵਿਚ ਆ ਹਾਜ਼ਰ ਹੋਏ। ਪਾਤਸ਼ਾਹ ਨੇ ਭਾਈ ਫੇਰੂ ਜੀ ਨੂੰ ''ਸੱਚੀ ਦਾੜ੍ਹੀ'' ਅਤੇ ''ਸੰਗਤ ਸਾਹਿਬ'' ਦੀ ਪਦਵੀ ਬਖਸ਼ਿਸ਼ ਕੀਤੀ, ਪਰ ਕੋਲ ਬੈਠੇ ਮੁਨੀਮ ਨੇ ਬੇਨਤੀ ਕੀਤੀ ਕਿ ਭਾਈ ਫੇਰੂ ਦੇ ਇਲਾਕੇ ਜ਼ਿਲ੍ਹਾ ਲਾਹੌਰ, ਤਹਿਸੀਲ ਚੁੰਨੀਆਂ ਤੋਂ ਕਦੇ ਵੀ ਦਸਵੰਧ ਦੀ ਰਕਮ ਨਹੀਂ ਪੁੱਜੀ, ਤਾਂ ਸਤਿਗੁਰੂ ਜੀ ਨੇ ਕਿਹਾ ਇਹ ਦਸਵੰਧ ਸਾਨੂੰ ਸਿੱਧਾ ਹੀ ਭੇਜ ਦਿੰਦੇ ਹਨ। ਕਿਉਂਕਿ ਭਾਈ ਫੇਰੂ ਦਸਵੰਧ ਦੀ ਸਾਰੀ ਮਾਇਆ ਗਰੀਬਾਂ ਅਤੇ ਲੋੜਵੰਦਾਂ ਦੀ ਮਦਦ ਲਈ ਖਰਚ ਦਿੰਦੇ ਸਨ। ਇੰਝ ਗਰੀਬ ਦੇ ਮੂੰਹ ਵਿਚ ਪੁੱਜੀ ਸਹਾਇਤਾ ਸਮਝੋ ਗੁਰੂ ਦੀ ਗੋਲਕ ਵਿਚ ਪੁੱਜ ਗਈ ਹੈ।

**ਪ੍ਰੇਰਣਾ** : ਅਜੋਕੇ ਸਮੇਂ ਵਿਚ ਜਦੋਂ ਸਮੁੱਚੇ ਸਿੱਖ ਜਗਤ ਵਿਚ ਗੁਰਦੁਆਰਿਆਂ ਦੀ ਗਿਣਤੀ ਵਿਚ ਬੇਹਿਸਾਬ ਵਾਧਾ ਹੋਇਆ ਹੈ ਤਾਂ ਜਾਇਦਾਦਾਂ ਦੇ ਝਗੜੇ ਵਧੇ ਹਨ ਕਿਉਂਕਿ ਸਿੱਖ ਸੰਗਤ ਅੱਜ ਵੀ ਆਪਣੇ ਦਸਵੰਧ ਦਾ ਵੱਡਾ ਹਿੱਸਾ ਗੁਰਦੁਆਰੇ ਦੀ ਗੋਲਕ ਵਿਚ ਹੀ ਪਾਉਂਦੀ ਹੈ, ਜੋ ਕਿ ਪ੍ਰਬੰਧਕਾਂ ਵਿਚ ਲੜਾਈਆਂ ਦਾ ਕਾਰਨ ਬਣਦਾ ਹੈ। ਅੱਜ ਰਾਜਨੀਤੀ ਵਿਚ ਕਦਮ ਰੱਖਣ ਲਈ ਸਥਾਨਕ ਗੁਰਦੁਆਰੇ ਦਾ ਪ੍ਰਧਾਨ ਬਣਨਾ ਇਕ ਜ਼ਰੂਰੀ ਪਉੜੀ ਬਣਦਾ ਜਾ ਰਿਹਾ ਹੈ। ਇਤਿਹਾਸਕ ਗੁਰਦੁਆਰਿਆਂ ਤੋਂ ਛੁੱਟ ਕਿਸੇ ਵੀ ਇਲਾਕੇ ਵਿਚ ਗੁਰਦੁਆਰਿਆਂ ਦੀ ਗਿਣਤੀ ਨੀਅਤ ਕਰਨ ਸੰਬੰਧੀ



ਕੋਈ ਫੈਸਲਾ ਲੈਣਾ ਚਾਹੀਦਾ ਹੈ। ਇਕ ਛੋਟੇ ਜਿਹੇ ਪਿੰਡ ਵਿਚ ਚਾਰ ਜਾਂ ਪੰਜ ਗੁਰਦੁਆਰਿਆਂ ਦਾ ਕੀ ਕੰਮ?

**ਜੇਕਰ ਸਿੱਖ ਸੰਗਤ ਗਰੀਬ ਦੇ ਮੂੰਹ ਨੂੰ ਗੁਰੂ ਦੀ ਗੋਲਕ ਸਮਝ ਕੇ ਕਾਰਜਸ਼ੀਲ ਹੋ ਜਾਵੇ ਤਾਂ ਜਿੱਥੇ ਸਮਾਜ ਦੀ ਭਲਾਈ ਹੋਣੀ ਸੰਭਵ ਹੋਏਗੀ, ਉਥੇ ਨਾਲ ਹੀ ਚੌਧਰਾਂ ਅਤੇ ਜਾਇਦਾਦਾਂ ਦੇ ਝਗੜੇ ਵੀ ਖਤਮ ਹੋਣਗੇ।**

ਅੱਜ ਕਈ ਜਾਗਰੂਕ ਵੀਰਾਂ-ਭੈਣਾਂ ਨੇ ਆਪਣਾ ਦਸਵੰਧ ਗੋਲਕਾਂ ਵਿਚ ਪਾਉਣ ਨਾਲੋਂ ਗਰੀਬ ਵਿਦਿਆਰਥੀਆਂ ਦੀਆਂ ਫੀਸਾਂ, ਕਿਤਾਬਾਂ, ਵਰਦੀਆਂ, ਦਸਤਾਰਾਂ ਤੋਂ ਇਲਾਵਾ ਮਰੀਜ਼ਾਂ ਲਈ ਦਵਾਈਆਂ ਅਤੇ ਹੋਰ ਸਮਾਜ ਭਲਾਈ ਦੇ ਕਾਰਜਾਂ ਤੇ ਲਗਾਉਣਾ ਸ਼ੁਰੂ ਕਰ ਦਿੱਤਾ ਹੈ। ਕਈ ਜਾਗਰੂਕ ਗੁਰਸਿੱਖ ਜੀਅੜੇ ਆਪਣੇ ਦਸਵੰਧ ਨਾਲ ਗੁਰਬਾਣੀ ਦੇ ਗੁਟਕੇ ਅਤੇ ਇਤਿਹਾਸ ਦੀਆਂ ਪੁਸਤਕਾਂ ਘਰ-ਘਰ ਵੰਡ ਰਹੇ ਹਨ। ਭਾਂਤ-ਭਾਂਤ ਦੇ ਲੰਗਰ ਚਲਾਉਣ ਅਤੇ ਕੀਮਤੀ ਮਠਿਆਈਆਂ ਵੰਡ ਕੇ ਰੱਜਿਆਂ ਨੂੰ ਹੋਰ ਰਜਾਉਣ ਨਾਲੋਂ ਚੰਗਾ ਹੈ ਖਲਕਤ ਦੀ ਸੇਵਾ ਲਈ ਆਪਣਾ ਦਸਵੰਧ ਲਗਾਉਣ ਲੱਗ ਪਈਏ ਤਾਂ ਇਹ ਪ੍ਰਬੰਧਕਾਂ ਦੀ ਹਉਮੈ ਵਿਚ ਜਾਂ ਬੈਂਕਾਂ ਦੇ ਅਕਾਊਂਟਾਂ ਵਿਚ ਪਹੁੰਚਣ ਨਾਲੋਂ ਸਿੱਧਾ ਗੁਰੂ ਕੋਲ ਪੁੱਜੇਗਾ ਅਤੇ ਸਾਨੂੰ ਮੋੜਵੀਆਂ ਬਖਸ਼ਿਸ਼ਾਂ ਮਿਲਣਗੀਆਂ।

## ਅਨਪੜ੍ਹਤਾ ਦਾ ਸਫਾਇਆ :

**ਘਟਨਾ** : ਕਲਗੀਧਰ ਪਾਤਸ਼ਾਹ ਨੇ 42 ਸਾਲ ਦੀ ਛੋਟੀ ਜਿਹੀ ਉਮਰ ਵਿਚ ਵੱਡੀਆਂ ਛੋਟੀਆਂ ਲਗਭਗ 16 ਜੰਗਾਂ ਲੜੀਆਂ। ਇਹ ਇਤਿਹਾਸਕ ਤੱਥ ਹੈ ਕਿ ਸੰਨ 1690 ਤੱਕ ਕੋਈ ਸਿੱਖ ਅਨਪੜ੍ਹ ਨਹੀਂ ਸੀ, ਭਾਵ ਪਾਤਸ਼ਾਹ ਨੇ ਸਿੱਖਾਂ ਵਿਚ ਅਨਪੜ੍ਹਤਾ ਖ਼ਤਮ ਕਰਨ ਲਈ ਅਜਿਹੇ ਪ੍ਰਬੰਧ ਕੀਤੇ ਹੋਏ ਸਨ। ਸੰਨ 1699 ਵਿਸਾਖੀ ਵਾਲੇ ਦਿਨ ਲਗਭਗ 20 ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ ਭਾਵ ਪ੍ਰਚਾਰ ਅਤੇ ਪ੍ਰਬੰਧ ਏਨਾਂ ਵਿਸ਼ਾਲ ਅਤੇ ਵਿਆਪਕ ਸੀ। ਇਸੇ ਤਰ੍ਹਾਂ ਨਾਲ ਇਹ ਵੀ ਪੜ੍ਹਣ ਨੂੰ ਮਿਲਦਾ ਹੈ ਕਿ ਉਸ ਵੇਲੇ ਕੇਵਲ ਬਿਹਾਰ ਦੇ ਇਲਾਕੇ ਵਿਚ 360 ਪ੍ਰਚਾਰ ਕੇਂਦਰ ਸਨ ਜੋ

ਕਿ ਵਿਉਂਤਬੱਧ ਤਰੀਕੇ ਨਾਲ ਗੁਰੂ ਪਾਤਸ਼ਾਹ ਦਾ ਸੁਨੇਹਾ ਘਰ-ਘਰ ਪਹੁੰਚਾ ਰਹੇ ਸਨ।

**ਪ੍ਰੇਰਣਾ** : ਉਪਰੋਕਤ ਸਾਰੇ ਇਤਿਹਾਸਕ ਤੱਥ ਸਾਨੂੰ ਭਰਪੂਰ ਪ੍ਰੇਰਣਾ ਦਿੰਦੇ ਹਨ ਕਿ ਸਾਨੂੰ ਆਪਣੇ ਅਜੋਕੇ ਪ੍ਰਚਾਰ ਪ੍ਰਬੰਧ ਨੂੰ ਵਿਗਿਆਨਕ ਲੀਹਾਂ ਤੇ ਚਲਾਉਣਾ ਚਾਹੀਦਾ ਹੈ। ਕੀ ਹੁਣ ਵੀ ਅਸੀਂ ਇਹ ਕਹਿ ਸਕਦੇ ਹਾਂ ਕਿ ਅੱਜ ਕੋਈ ਸਿੱਖ ਅਨਪੜ੍ਹ ਨਹੀਂ? ਦੇਸ਼ ਵਿਦੇਸ਼ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਆਪੋ ਆਪਣੇ ਇਲਾਕੇ ਵਿਚੋਂ ਅਨਪੜ੍ਹਤਾ ਸਮਾਪਤ ਕਰਨ ਦੇ ਉਪਰਾਲੇ ਜਰੂਰ ਅਰੰਭਣੇ ਚਾਹੀਦੇ ਹਨ। ਕੌਮ ਦੀ ਕੇਂਦਰੀ ਸੰਸਥਾ ਦੇ ਅਧੀਨ ਦੇਸ਼ ਵਿਦੇਸ਼ ਦੇ ਸਾਰੇ ਰਾਜਾਂ, ਸ਼ਹਿਰਾਂ, ਤਹਿਸੀਲਾਂ, ਬਲਾਕਾਂ ਅਤੇ ਪਿੰਡਾਂ ਵਿਚ ਪ੍ਰਚਾਰ ਕੇਂਦਰ ਕਿਸੇ ਵਿਉਂਤ ਅਧੀਨ ਲਿਆਉਣੇ ਚਾਹੀਦੇ ਹਨ।

## ਕਦੇ ਘਬਰਾਹਟ ਨਹੀਂ, ਕਦੇ ਨਿਰਾਸ਼ਾ ਨਹੀਂ :

**ਘਟਨਾ** : ਪਰਿਵਾਰ ਦੇ ਵਿਛੋੜੇ, ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਅਤੇ ਹਰ ਤਰ੍ਹਾਂ ਦੀਆਂ ਔਕੜਾਂ ਝੱਲਣ ਦੇ ਬਾਵਜੂਦ ਪਾਤਸ਼ਾਹ ਨੇ ਔਰੰਗਜੇਬ ਨੂੰ ਜਿੱਤ ਦੀ ਚਿੱਠੀ ਭਾਵ **ਜ਼ਫ਼ਰਨਾਮਾ** ਲਿਖਿਆ। ਇਸ ਚਿੱਠੀ ਨੂੰ ਪੜ੍ਹਕੇ ਔਰੰਗਜ਼ੇਬ ਨੂੰ ਗਹਿਰਾ ਧੱਕਾ ਲੱਗਾ ਅਤੇ ਉਸ ਦੀ ਮੌਤ ਦਾ ਇਕ ਕਾਰਨ ਇਹ ਜ਼ਫ਼ਰਨਾਮਾ ਵੀ ਸੀ, ਜਿਸ ਨੇ ਉਸ ਦੀ ਆਤਮਾ ਨੂੰ ਹਲੂਣ ਕੇ ਰੱਖ ਦਿੱਤਾ ਸੀ।

**ਪ੍ਰੇਰਣਾ** : ਜ਼ਫ਼ਰਨਾਮਾ ਸਾਨੂੰ ਕਮਾਲ ਦੀ ਪ੍ਰੇਰਣਾ ਦਿੰਦਾ ਹੈ। ਸਿੱਖ ਕਦੇ ਵੀ ਨਿਰਾਸ਼ ਨਾ ਹੋਵੇ। ਉਸ ਦੇ ਦਿਮਾਗ ਤੇ ਬੋਝ (Depression) ਡਿਪਰੈਸ਼ਨ ਨਾ ਹੋਵੇ। ਉਸ ਅੰਦਰ ਹੀਨ ਭਾਵਨਾ ਨਾ ਉਤਪੰਨ ਹੋਵੇ। ਸਿੱਖ ਤਾਂ ਸਦ-ਸਦਾ ਉਸਾਰੂ ਸੋਚ ਵਾਲਾ ਅਤੇ ਹਰ ਹਾਲਤ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲਾ ਜਿਊੜਾ ਹੈ। ਸੰਸਾਰ ਦੀ ਕੋਈ ਝੱਖੜ ਹਨ੍ਹੇਰੀ ਉਸ ਨੂੰ ਹਿਲਾ ਨਹੀਂ ਸਕਦੀ, ਡੁਲਾ ਨਹੀਂ ਸਕਦੀ।

**ਜ਼ਫਰਨਾਮਾ, ਇਕ ਹੋਰ ਪ੍ਰੇਰਣਾ ਦਿੰਦਾ ਹੈ, ਉਹ ਹੈ: ਚਿੱਠੀ ਲਿਖਣ ਦਾ ਢੰਗ** (way of writing a letter)। ਪਾਤਸ਼ਾਹ ਨੇ ਜ਼ਫ਼ਰਨਾਮੇ ਵਿਚ ਜਿਸ ਤਰੀਕੇ ਨਾਲ



ਪਹਿਲਾਂ ਔਰੰਗਜ਼ੇਬ ਦੇ ਗੁਣਾਂ ਦੀ ਵਿਚਾਰ ਕੀਤੀ , ਫਿਰ ਉਸ ਦੇ ਅਤਿਆਚਾਰਾਂ ਨੂੰ ਬਿਆਨ ਕੀਤਾ, ਉਸ ਦੇ ਧਾਰਮਿਕ ਜਨੂੰਨ 'ਤੇ ਤਰਕ ਕੀਤਾ ਅਤੇ ਉਸ ਦੀ ਮਨੁੱਖਤਾ ਪ੍ਰਤੀ ਮਾੜੀ ਨੀਅਤ ਤੇ ਹਮਲਾ ਕੀਤਾ। ਕਮਾਲ ਦਾ ਇਹ ਜ਼ਫ਼ਰਨਾਮਾ ਸਾਨੂੰ ਪੱਤਰ ਲਿਖਣ ਦੀ ਐਸੀ ਵਿਧੀ ਸਿਖਾਉਂਦਾ ਹੈ ਜੋ ਪੜ੍ਹਣ ਵਾਲੇ ਨੂੰ ਸਿੱਧੀ ਸਮਝ ਵੀ ਆਉਂਦੀ ਹੈ ਅਤੇ ਆਪਣਾ ਰੰਗ ਵੀ ਦਿਖਾਉਂਦੀ ਹੈ।

## 1699 ਦੀ ਵਿਸਾਖੀ ਤੇ ਅੰਮ੍ਰਿਤ ਸੰਚਾਰ

**ਘਟਨਾ** : ਸੰਨ 1699 ਦੀ ਵਿਸਾਖੀ ਤੇ ਪਾਤਸ਼ਾਹ ਜੀ ਨੇ ਇਕ ਵੱਡਾ ਇਕੱਠ ਕੀਤਾ। ਪੰਜ ਸਿਰਾਂ ਦੀ ਮੰਗ ਕੀਤੀ, ਖੰਡੇ ਦੀ ਪਾਹੁਲ ਤਿਆਰ ਕੀਤੀ ਤੇ ਪੰਜ ਪਿਆਰਿਆਂ ਦੀ ਸਾਜਨਾ ਕੀਤੀ। ਫਿਰ ਉਨਾਂ ਹੀ ਪੰਜ ਪਿਆਰਿਆਂ ਨੂੰ ਗੁਰੂ ਥਾਪ ਕੇ ਆਪ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਸਜ ਗਏ।

**ਪ੍ਰੇਰਣਾ** : ਵਿਸਾਖੀ ਦੀ ਇਸ ਲਾਸਾਨੀ ਵਾਰਦਾਤ ਨੂੰ ਅਸੀਂ ਕੇਵਲ ਇਕ ਆਮ ਘਟਨਾ ਨਾ ਸਮਝੀਏ। ਇਹ ਮਨ ਨੂੰ ਹਲੂਲਣ ਵਾਲੀ ਤੇ ਸਰਬੱਤ ਸੰਸਾਰ ਦੇ ਇਤਿਹਾਸ ਲਈ ਬੇਮਿਸਾਲ ਹੈ। ਗੁਰੂ ਆਪ ਚੇਲਾ ਬਣ ਗਿਆ। ਚੇਲਿਆਂ ਨੇ ਸਿਰ ਭੇਂਟ ਕੀਤੇ। ਗੁਰੂ ਜੀ ਨੇ ਇਕ ਇਕ ਕਰਕੇ ਪੰਜ ਮੰਗੇ, ਪੰਜ ਹਾਜ਼ਰ ਹੋ ਗਏ। ਇਹ ਕਹਿਣਾ ਯੋਗ ਨਹੀਂ ਕਿ ਕੇਵਲ ਪੰਜ ਹੀ ਨਿਤਰੇ। ਅਸਲ ਵਿੱਚ ਮੰਗੇ ਹੀ ਪੰਜ ਸਨ। ਹੋਰ ਮੰਗਦੇ ਹੋਰ ਵੀ ਉਠ ਖਲੋਂਦੇ। 1699 ਤੱਕ ਕੌਮ ਦੀ ਤਿਆਰੀ ਮੁਕੰਮਲ ਹੋ ਚੁਕੀ ਸੀ। ਇਤਿਹਾਸ ਅਨੁਸਾਰ ਪਹਿਲੇ ਦਿਨ ਹੀ ਲਗਭਗ 20,000 ਪ੍ਰਾਣੀਆਂ ਨੇ ਖੰਡੇ ਦੀ ਪਾਹੁਲ ਛਕੀ ਸੀ। ਅੱਜ ਅਸੀਂ ਵੀ ਕਦੇ ਧਰਮ ਲਈ ਸਿਰ ਦੇਣ ਤੋਂ ਘਬਰਾਈਏ ਨਾ। ਸਭ ਤੋਂ ਪਹਿਲਾਂ ਭਾਈ ਦਇਆ ਰਾਮ ਅੱਗੇ ਆਏ ਸਨ। ਉਨ੍ਹਾਂ ਪਹਿਲ (Initiative) ਕੀਤੀ। **ਸਾਡੇ ਅੰਦਰ ਸਦਾ ਲਈ ਪਹਿਲ ਕਦਮੀ (Initiative) ਦਾ ਚਾਅ ਹੋਵੇ। ਦੇਰ ਨਾ ਕਰੀਏ, ਇਹ ਨਾ ਸੋਚੀਏ, ਉਹ ਕਰੇਗਾ ਤਾਂ ਮੈਂ ਕਰਾਂਗਾ, ਉਹ ਚਲੇਗਾ ਤਾਂ ਮੈਂ ਚਲਾਂਗਾ**, ਸਗੋਂ ਗੁਰੂ ਦੀ ਕਾਰ ਲਈ ਅੱਗੇ, ਸਭ ਤੋਂ ਅੱਗੇ ਵਧ-ਚੜ ਕੇ ਸੇਵਾਵਾਂ ਲਈਏ ਤੇ ਨਿਭਾਈਏ।

ਵਿਸਾਖੀ ਦਾ ਇਕ ਹੋਰ ਅਹਿਮ ਸੁਨੇਹਾ ਤੇ ਪ੍ਰੇਰਣਾ ਹੈ - ਮਜ਼ਲੂਮਾਂ ਦੀ ਸੰਭਾਲ। ਪਹਾੜੀ ਰਾਜੇ ਕਹਿੰਦੇ ਸਨ ਕਿ ਜੇਕਰ ਤੁਸੀਂ ਨੀਵੀਆਂ ਜਾਤਾਂ ਵਾਲਿਆਂ ਨੂੰ ਦੂਰ ਕਰੋਗੇ ਤਾਂ ਅਸੀਂ ਤੁਹਾਡੇ ਸਿਖ ਬਣ ਜਾਵਾਂਗੇ, ਅੰਮ੍ਰਿਤ ਛਕ ਲਵਾਂਗੇ। ਪਰ ਗੁਰੂ ਜੀ ਨੇ ਕਿਹਾ ਸੀ 'ਇਨ ਗਰੀਬ ਸਿਖਨ ਕੋ ਦੇਊਂ ਪਾਤਸ਼ਾਹੀ।'

ਅੱਜ ਸਾਨੂੰ ਫਿਰ ਲੋੜ ਹੈ ਕਿ ਅਸੀਂ ਗਰੀਬ ਬਸਤੀਆਂ ਵਿੱਚ ਜਾ ਕੇ , ਕਿਰਤੀ ਤੇ ਲੋੜਵੰਦਾਂ ਦੀ ਸਾਂਭ ਕਰੀਏ। ਸਾਡੇ ਪ੍ਰਚਾਰ ਦੀ ਘਾਟ ਕਾਰਨ ਇਹ ਦੇਹਧਾਰੀਆਂ ਤੇ ਪਾਖੰਡੀਆਂ ਵਲ ਜਾ ਰਲ ਰਹੇ ਹਨ। ਗੁਰਸਿਖਾਂ ਨੂੰ ਚਾਹੀਦਾ ਹੈ ਕਿ ਉਹ ਗੁਰਪੁਰਬ ਇਨ੍ਹਾਂ ਬਸਤੀਆਂ ਵਿੱਚ ਜਾ ਕੇ ਮਨਾਉਣ, ਇਨ੍ਹਾਂ ਦੀ ਵਿਦਿਅਕ ਤੇ ਆਰਥਿਕ ਮਦਦ ਕਰਨ।

## ਹਰ ਗੁਰਦੁਆਰੇ ਵਿੱਚ ਨਗਾਰਾ ਹੋਵੇ

**ਘਟਨਾ** : ਦਸਮ ਪਿਤਾ ਜੀ ਨੇ ਸੰਨ 1682 ਈ. ਵਿੱਚ ਇਕ ਵੱਡਾ ਧੌਂਸਾ ਤਿਆਰ ਕਰਵਾਇਆ, ਜਿਸ ਦਾ ਨਾਮ ਆਪ ਜੀ ਨੇ '**ਰਣਜੀਤ ਨਗਾਰਾ**' ਰਖਿਆ। ਇਹ ਨਗਾਰਾ ਬੀਰ ਰਸ ਭਰਦਾ ਸੀ, ਜੰਗ ਵੇਲੇ ਅਤੇ ਸਿੰਘਾ ਵਿੱਚ ਉਤਸ਼ਾਹ ਭਰਨ ਲਈ ਇਹ ਨਗਾਰਾ ਵਜਾਇਆ ਜਾਂਦਾ ਸੀ। ਨਗਾਰੇ ਦੀ ਚੋਟ ਸੁਣ ਕੇ ਸਿਖ ਗੱਭਰੂਆਂ ਦੇ ਡੌਲੇ ਫਰਕ ਉਠਦੇ ਸਨ।

**ਪ੍ਰੇਰਣਾ** : 'ਰਣਜੀਤ ਨਗਾਰਾ' ਸਥਾਪਿਤ ਕਰਨ ਦੀ ਇਹ ਘਟਨਾ ਅੱਜ ਵੀ ਸਾਨੂੰ ਇਹ ਪ੍ਰੇਰਣਾ ਕਰਦੀ ਹੈ ਕਿ ਸਾਡੇ ਹਰੇਕ ਗੁਰਦੁਆਰਾ ਸਾਹਿਬ ਵਿਖੇ ਨਗਾਰਾ ਜ਼ਰੂਰ ਹੋਵੇ। ਅਰਦਾਸ ਵੇਲੇ ਸਾਵਧਾਨਤਾ ਲਈ, ਹੁਕਮਨਾਮੇ ਵੇਲੇ ਸੁਚੇਤ ਹੋਣ ਲਈ ਅਤੇ ਨਗਰ ਕੀਰਤਨਾਂ ਤੇ ਗੱਤਕੇ ਦੇ ਜੋਹਰਾਂ ਸਮੇਂ ਇਹ ਵੱਜੇ ਅਤੇ ਸਾਡੇ ਵਿੱਚ ਬੀਰ ਰਸ ਪੈਦਾ ਕਰੇ। ਨਗਾਰਾ ਆਤਮਕ ਮੁਰਦਿਆਂ ਵਿੱਚ ਵੀ ਰੂਹ ਫੂਕ ਸਕਣ ਦੇ ਸਮਰਥ ਹੈ। ਲੋੜ ਹੈ ਇਸ ਮਹਾਨ ਪਰੰਪਰਾ ਨੂੰ ਪੁਨਰ ਸੁਰਜੀਤ ਕਰਨ ਦੀ। ਵੱਡੇ ਆਲੀਸ਼ਾਨ ਗੁਰਦੁਆਰੇ ਬਣਾਉਣ ਵਾਲੇ ਪ੍ਰਬੰਧਕ ਤੇ ਸੰਗਤ, ਨਗਾਰੇ ਦੀ ਲੋੜ ਨੂੰ ਸਮਝਣ ਤੇ ਇਸ ਨੂੰ ਮੁੜ ਪ੍ਰਚਲਿਤ ਕਰਨ।

**ਰੇਣੁਕਾ ਸਰਬਜੀਤ ਸਿੰਘ**
singh.renukass@gmail.com
(91) 98146-12004